


## ਅਗਸਤ ਮਹੀਨੇ ਜਨਮ ਦਿਨ ਮੌਕੇ ਵਿਸ਼ੇਸ਼

# ਬਹੁਪੱਖੀ ਸ਼ਖਸੀਅਤ ਭਾਈ ਕਾਨ ਸਿੰਘ ਨਾਭਾ


ਆਪਣੇ ਸਮੇਂ ਦੀਆਂ ਸ਼ਿਰੋਮਣੀ ਸ਼ਖਸੀਅਤਾਂ ਵਿੱਚੋਂ ਪ੍ਰਮੁੱਖ, ਯੁੱਗ ਪੁਰਸ਼ ਭਾਈ ਕਾਨ ਸਿੰਘ ਨਾਭਾ ਅਜਿਹੀ ਬਹੁਪੱਖੀ ਸ਼ਖਸੀਅਤ ਦੇ ਮਾਲਕ ਸਨ, ਜੋ ਕਿਸੇ ਕੌਮ ਨੂੰ ਕਦੇ ਕਦਾਈ ਹੀ ਨਸੀਬ ਹੋਇਆ ਕਰਦੇ ਹਨ। ਉਹ ਇੱਕ ਉੱਘੇ ਵਿਅਕਤੀ ਵੀ ਸਨ ਅਤੇ ਆਪੇ ਸਥਾਪਿਤ ਹੋਈ ਇੱਕ ਸੰਸਥਾ ਵੀ। ਉਹਨਾਂ ਦੀ ਸਾਹਿਤਕ ਦਿਲਚਸਪੀ ਦਾ ਘੇਰਾ ਅਤੀ ਵਿਸ਼ਾਲ ਸੀ, ਜਿਸ ਵਿੱਚ ਧਰਮ, ਖੰਡਨ-ਮੰਡਨ, ਇਤਿਹਾਸ, ਟੀਕਾਕਾਰੀ, ਕੋਸ਼ਕਾਰੀ ਤੇ ਰਾਜਨੀਤੀ ਆਦਿਕ ਅਨੇਕ ਵਿਸ਼ੇ ਸ਼ਾਮਿਲ ਹਨ। ਪੰਜਾਬੀ ਸਾਹਿਤ ਦੇ ਪਰਿਵਰਤਨ ਕਾਲ (1900 ਤੋਂ 1930 ਈ.) ਵਿੱਚ ਭਾਈ ਸਾਹਿਬ ਦਾ ਸਥਾਨ ਮਹੱਤਵਪੂਰਣ ਹੈ।

ਉਨ੍ਹਾਂ ਦਾ ਅਸਲ ਪਿੰਡ 'ਪਿਥੋ' ਜ਼ਿਲ੍ਹਾ ਬਠਿੰਡਾ ਵਿੱਚ, ਜਾਤ ਦੇ ਢਿਲੋਂ ਜੱਟ ਤੇ ਉਨ੍ਹਾਂ ਦੀ ਖ਼ਾਨਦਾਨੀ ਪਰੰਪਰਾ ਮਹਾਰਾਜਾ ਰਣਜੀਤ ਸਿੰਘ ਦੇ ਮੁਸਾਹਿਬ ਬਾਬਾ ਨੌਧ ਸਿੰਘ ਜੀ ਨਾਲ ਜਾ ਮਿਲਦੀ ਹੈ। ਆਪ ਦਾ ਜਨਮ ਰਿਆਸਤ ਪਟਿਆਲਾ ਦੇ ਪਿੰਡ ਬਨੇਰਾ ਖੁਰਦ ਉਨ੍ਹਾਂ ਦੇ ਨਾਨਕੇ ਘਰ ਮਾਤਾ ਹਰਿ ਕੌਰ ਦੀ ਕੁੱਖੋਂ 30 ਅਗਸਤ 1861ਈ. ਨੂੰ ਹੋਇਆ। ਬੇਸ਼ਕ ਭਾਈ ਸਾਹਿਬ ਨੇ ਵਿਦਿਆ ਕਿਸੇ ਖਾਸ ਵਿਦਿਆਲੇ ਤੋਂ ਪ੍ਰਾਪਤ ਨਹੀ ਕੀਤੀ, ਪਰੰਤੂ ਨਾਭੇ ਦੇ ਜਿਸ ਇਤਿਹਾਸਕ ਗੁਰਦੁਆਰੇ ਵਿੱਚ ਉਨ੍ਹਾਂ ਨੂੰ ਬਚਪਨ ਤੋਂ ਵਿਦਿਆ ਪ੍ਰਾਪਤੀ ਦਾ ਮੌਕਾ ਮਿਲਿਆ ਉਹ ਅਸਥਾਨ ਉਸ ਮੌਕੇ ਬਹੁ-ਪੱਖੀ ਗਿਆਨ ਦਾ ਪ੍ਰਮੁੱਖ ਕੇਂਦਰ ਬਣ ਚੁੱਕਾ ਸੀ। ਨਾਮ ਦੇ ਰਸੀਏ ਮਹਾਂਪੁਰਸ਼ ਬਾਬਾ ਅਜਾਪਾਲ ਸਿੰਘ ਜੀ ਨਾਲ ਸਬੰਧਿਤ ਉਸ ਇਤਿਹਾਸਕ ਗੁਰਦੁਆਰੇ ਦੇ ਪ੍ਰਮੁੱਖ ਸੇਵਾਦਾਰ ਉਸ ਸਮੇਂ, ਉਨ੍ਹਾਂ ਦੇ ਪਿਤਾ ਬਾਬਾ ਨਾਰਾਇਣ ਸਿੰਘ ਜੀ ਸਨ, ਜਿਸ ਕਰਕੇ ਬਚਪਨ ਤੋਂ ਹੀ ਬਹੁ-ਪੱਖੀ ਵਿਦਿਆ ਦੁਆਰਾ ਭਾਈ ਸਾਹਿਬ ਨੂੰ ਭਲਾਈ ਤੇ ਬੁਰਾਈ ਨੂੰ ਪਰਖਣ ਦੀ ਸੋਝੀ ਪ੍ਰਾਪਤ ਹੋਈ।

ਜਵਾਨੀ ਦੀ ਉਮਰੇ ਪਹੁੰਚਣ ਤੱਕ ਭਾਈ ਸਾਹਿਬ ਅੰਦਰ ਆਪਣੇ ਸਮਾਜ, ਦੇਸ਼ ਅਤੇ ਕੌਮ ਬਾਰੇ ਸੋਚਣ ਦੀ ਅਥਾਹ ਸ਼ਕਤੀ ਪੈਦਾ ਹੋ ਚੁੱਕੀ ਸੀ। ਆਪ ਦੀ ਸੂਝ ਅਤੇ ਸਿਆਣਪ ਤੋਂ ਓਰੀਐਂਟਲ ਕਾਲਜ ਲਾਹੌਰ ਦੇ ਪ੍ਰੋਫੈਸਰ ਗੁਰਮੁਖ ਸਿੰਘ, ਮਹਾਰਾਜਾ ਹੀਰਾ ਸਿੰਘ (ਰਿਆਸਤ ਨਾਭਾ) ਤੇ ਉਸ ਮੌਕੇ ਦੀਆਂ ਧਾਰਮਿਕ ਤੇ ਸਮਾਜ ਸੁਧਾਰਕ ਲਹਿਰਾਂ ਦੇ ਮੁੱਖੀ ਬੇਹੱਦ ਪ੍ਰਭਾਵਿਤ ਹੋਏ । ਭਾਈ ਸਾਹਿਬ ਦਾ ਵਿਆਹ ਪਿੰਡ ਰਾਮਗੜ੍ਹ ਰਿਆਸਤ ਪਟਿਆਲਾ ਦੇ ਸ੍ਰ. ਹਰਦਮ ਸਿੰਘ ਦੀ ਸਪੁੱਤਰੀ ਬਸੰਤ ਕੌਰ ਨਾਲ ਹੋਇਆ, ਜਿਸਦੀ ਕੁੱਖੋਂ ਭਾਈ ਸਾਹਿਬ ਦੇ ਇਕਲੌਤੇ ਬੇਟੇ ਭਗਵੰਤ ਸਿੰਘ ਹਰੀ ਦਾ ਜਨਮ 1892 ਈ: ਵਿੱਚ ਹੋਇਆ। ਪ੍ਰਸਿੱਧ ਅੰਗਰੇਜ਼ ਵਿਦਵਾਨ ਮਿਸਟਰ ਮੈਕਾਲਫ, ਮਹਾਰਾਜਾ ਰਿਪੁਦਮਨ ਸਿੰਘ (ਰਿਆਸਤ ਨਾਭਾ) ਤੇ ਉਨ੍ਹਾਂ ਦੀ ਮਹਾਰਾਣੀ ਸਰੋਜਨੀ ਦੇਵੀ ਭਾਈ ਸਾਹਿਬ ਦੇ ਪ੍ਰਮੁੱਖ ਸ਼ਿਸ਼ ਬਣੇ ਤੇ ਆਪਣੀ ਵਿਦਵਤਾ ਦੇ ਜਾਦੂ ਨਾਲ ਹੀ ਭਾਈ ਸਾਹਿਬ ਨੇ ਨਾਭੇ ਅਤੇ ਪਟਿਆਲਾ ਰਿਆਸਤਾਂ ਵਿਚ, ਕਈ ਉੱਚ ਅਹੁਦਿਆਂ ਤੇ ਸੇਵਾ ਕੀਤੀ।

ਪੰਜਾਬੀ ਸਾਹਿਤ ਉਸ ਸਮੇਂ ਅਜਿਹੇ ਪੜਾਅ ਤੇ ਖੜਾ ਸੀ, ਜਿਥੇ ਉਸਨੇ ਆਪਣੇ ਆਪ ਨੂੰ ਆਧੁਨਿਕਤਾ ਵੱਲ ਛਲਾਂਗ ਲਗਾਉਣ ਲਈ ਤਿਆਰ ਕਰਨਾ ਸੀ। ਇਕ ਲੇਖਕ ਦੇ ਤੌਰ ਤੇ ਉਨ੍ਹਾਂ ਦਾ ਆਗਮਨ 19ਵੀ ਸਦੀ ਦੇ ਅਖੀਰਲੇ ਦਹਾਕੇ ਵਿੱਚ ਹੋਇਆ ਅਤੇ ਸਮੁੱਚੀਆਂ ਰਚਨਾਵਾਂ ਦੀ ਗਿਣਤੀ ਤਿੰਨ ਦਰਜਨ ਤੋਂ ਉਪਰ ਬਣਦੀ ਹੈ। ਨਾਭਾ ਦਰਬਾਰ ਵਿਚ ਰਹਿੰਦਿਆਂ ਮੁੱਢਲੇ ਦੌਰ ਦੀਆਂ ਰਚਨਾਵਾਂ 'ਰਾਜਧਰਮ' (1884 ਈ.), 'ਟੀਕਾ ਜੈਮਨੀ ਅਸਵਮੇਧ' (1890 ਈ.) ਤੇ 'ਨਾਟਕ ਭਾਵਾਰਥ ਦੀਪਿਕਾ' (1897 ਈ.), ਗ੍ਰੰਥਾਂ ਵਿੱਚ ਭਾਈ ਸਾਹਿਬ ਨੇ ਮਹਾਰਾਜਾ ਹੀਰਾ ਸਿੰਘ ਦੇ ਖ਼ਿਆਲਾਂ ਨੂੰ ਪ੍ਰਮੁੱਖ ਰੱਖਿਆ। ਅਗਲੇ ਪੜਾਅ ਦੀਆਂ ਰਚਨਾਵਾਂ 'ਹਮ ਹਿੰਦੂ ਨਹੀ' (1897 ਈ.), 'ਗੁਰੁਮਤ ਪ੍ਰਭਾਕਰ' (1898 ਈ), 'ਗੁਰੁਮਤ ਸੁਧਾਕਰ' (1899 ਈ.), 'ਗੁਰੁਗਿਰਾ ਕਸੌਟੀ' (1899 ਈ.) ਅਤੇ 'ਸੱਦ ਕਾ ਪਰਮਾਰਥ' (1901 ਈ.) ਆਦਿ ਸਿੱਖੀ ਪ੍ਰਚਾਰ ਲਈ ਸਿੰਘ ਸਭਾ ਲਹਿਰ ਤੋਂ ਪ੍ਰਭਾਵਿਤ ਰਚਨਾਵਾਂ ਹਨ, ਤਾਂ ਜੋ ਗੁਰਮਤਿ ਨੂੰ ਉਸ ਮੌਕੇ ਦੇ ਪ੍ਰਚੱਲਿਤ ਵਹਿਮਾਂ-ਭਰਮਾਂ ਤੇ ਫਜੂਲ ਕਰਮ-ਕਾਂਡਾ ਤੋਂ ਵਖਰਿਆਂ ਕੇ ਸਪਸ਼ਟ ਰੂਪ ਵਿੱਚ ਸਾਹਮਣੇ ਲਿਆਂਦਾ ਜਾਵੇ; ਬੇਸ਼ੱਕ ਉਨ੍ਹਾਂ ਦੀ ਸਖ਼ਸੀਅਤ ਵਿੱਚੋਂ ਕਈ ਰੂਪਾਂ ਦੇ ਦਰਸ਼ਨ ਹੁੰਦੇ ਹਨ, ਪਰ ਦੂਜੇ ਦੌਰ ਦੀਆਂ ਰਚਨਾਵਾਂ ਨਾਲ ਉਹ ਸਿੱਖ ਧਰਮ ਦੇ ਮਹਾਨ ਵਿਆਖਿਆਕਾਰ, ਧਰਮ ਸ਼ਾਸਤਰੀ (ਟਹਏਲੋਗਿਓਨ) ਦੇ ਤੌਰ ਤੇ ਸਾਹਮਣੇ ਆਏ। ਇਹ ਰਚਨਾਵਾਂ ਉਨ•ਾਂ ਨੂੰ ਭਾਈ ਗੁਰਦਾਸ ਦੇ ਪਿੱਛੋਂ, ਗੁਰਮੱਤ ਦਾ ਅਦੁਤੀ ਤੇ ਨਿਪੁੰਨ ਮਰਯਾਦਾ ਨਿਰਧਾਰਕ (ਚੋਦਡਿਇਰ) ਸਿੱਧ ਕਰਦਿਆਂ ਹਨ। ਭਾਈ ਸਿਹਬ ਦੇ ਇਸ ਯਤਨ ਸਦਕਾ 19ਵੀ ਸਦੀ ਦੇ ਅਖੀਰਲੇ ਦਹਾਕੇ ਵਿੱਚ ਸਿੱਖ ਰਾਜਨੀਤੀ ਨੂੰ ਇਕ ਸਪਸ਼ਟ ਮਨੋਰਥ ਤੇ ਦਿਸ਼ਾ ਹਾਸਲ ਹੋਈ।

ਸਮਾਜ ਸੁਧਾਰ ਦੀ ਅਭਿਲਾਸ਼ਾ ਨਾਲ ਨਸ਼ਾ ਮੁਕਤ ਸਮਾਜ ਲਈ 'ਸ਼ਰਾਬ ਨਿਸੇਧ' (1907 ਈ.) ਵਰਗੀਆਂ ਵਡਮੁੱਲੀਆਂ ਪੁਸਤਕਾਂ ਦੀ ਵੀ ਰਚਨਾ ਕੀਤੀ। 'ਗੁਰੁਛੰਦ ਦਿਵਾਕਰ' (1924 ਈ.) ਅਤੇ 'ਗੁਰੁਸ਼ਬਦਾਲੰਕਾਰ' (1925 ਈ.) ਪੁਸਤਕਾਂ ਦੀ ਰਚਨਾ ਕਰਕੇ ਜਿੱਥੇ ਭਾਰਤ ਦੇ ਪ੍ਰਸਿੱਧ ਛੰਦ ਸ਼ਾਸਤਰੀ ਅਤੇ ਅਲੰਕਾਰ ਸ਼ਾਸਤਰੀ ਹੋਣ ਦਾ ਗੌਰਵਮਈ ਸਬੂਤ ਦਿੱਤਾ, ਉੱਥੇ



ਹਿੰਦੀ ਦੇ ਪ੍ਰਸਿੱਧ ਕੋਸ਼ਾਂ, 'ਅਨੇਕਾਰਥ ਕੋਸ਼', ਅਤੇ 'ਨਾਮਮਾਲਾ ਕੋਸ਼', ਵਿੱਚ ਲੋੜ ਅਨੁਸਾਰ ਸੋਧ-ਸੁਧਾਈ ਤੇ ਟਿੱਪਣੀਆਂ ਕਰਕੇ ਸੰਪਾਦਨ ਕਲਾ 'ਚ ਵੀ ਜੌਹਰ ਵਿਖਾਏ। ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਭਾਈ ਸਾਹਿਬ ਨੇ 14-15 ਸਾਲ ਦੀ ਕਠਿੱਨ ਤਪੱਸਿਆ ਨਾਲ ਮਹਾਨ ਸਾਹਿਤਕ ਗ੍ਰੰਥ 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਤਿਆਰ ਕੀਤਾ ਜੋ ਭਾਈ ਸਹਿਬ ਦੀ ਜੀਵਨ ਭਰ ਦੀ ਤਪੱਸਿਆ ਦਾ ਫਲ ਹੈ। ਪੰਜਾਬੀ ਭਾਸ਼ਾ 'ਚ ਆਪ ਵੱਲੋਂ ਰਚਿਆ 'ਮਹਾਨ ਕੋਸ਼' ਇੱਕ ਅਜਿਹਾ ਅਨੁਪਮ ਗ੍ਰੰਥ ਹੈ ਜਿਸਦੇ ਘੇਰੇ 'ਚ ਧਰਮ, ਭੁਗੋਲ, ਇਤਿਹਾਸ, ਚਕਿਤਸਾ ਦੇ ਨਾਲ ਨਾਲ ਭਾਰਤੀ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਆਦਿ ਵਿਸ਼ੇ ਵੀ ਆਉਂਦੇ ਹਨ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਇਹ ਅਹਿਸਾਸ ਕਮਾਇਆ ਕਿ ਮਾਂ ਬੋਲੀ ਪੰਜਾਬੀ ਵਿੱਚ ਵੱਡੇ ਤੋਂ ਵੱਡਾ ਕੰਮ ਸੋਚਿਆ ਜਾ ਸਕਦੈ ਅਤੇ ਕੀਤਾ ਜਾ ਸਕਦੈ। ਅਨੇਕ ਅਖਬਾਰਾਂ ਮੈਗਜੀਨਾਂ ਲਈ ਨਿਬੰਧ ਲਿਖਕੇ ਭਾਈ ਸਾਹਿਬ ਨੇ ਪੰਜਾਬੀ ਨਿਬੰਧਕਾਰੀ ਦੇ ਨਿਖਾਰ ਲਈ ਵੀ ਅਹਿਮ ਯੋਗਦਾਨ ਪਾਇਆ ਜੋ ਹੁਣ 'ਬਿਖਰੇ ਮੋਤੀ' ਪੁਸਤਕ ਰੂਪ ਵਿੱਚ ਉਪਲਬਧ ਹਨ। 'ਚੰਡੀ ਦੀ ਵਾਰ' ਦਾ ਟੀਕਾ 'ਗੁਰੁਮਤ ਮਾਰਤੰਡ' ਅਤੇ 'ਇਤਿਹਾਸ ਬਾਗੜੀਆਂ ਆਦਿ ਭਾਈ ਸਾਹਿਬ ਦੀਆਂ ਕੁੱਝ ਹੋਰ ਬਹੁਚਰਚਿਤ ਰਚਨਾਵਾਂ ਹਨ।

ਯੁੱਗ ਪੁਰਸ਼ ਭਾਈ ਕਾਨ੍ਹ ਸਿੰਘ ਨਾਭਾ ਨੇ 23 ਨਵੰਬਰ 1938 ਈ: ਨੂੰ ਨਾਭੇ ਵਿਖੇ ਜੋਗੀ ਜਨਾਂ ਦੀ ਤਰ੍ਹਾਂ ਪ੍ਰਾਣ ਤਿਆਗੇ। ਭਾਈ ਸਾਹਿਬ ਦੀਆਂ ਲਿਖਤਾਂ ਦੇ ਅੰਗਰੇਜੀ, ਪੰਜਾਬੀ, ਹਿੰਦੀ ਅਨੁਵਾਦ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਵਾਧਾਈ ਦੇ ਹੱਕਦਾਰ ਹਨ। ਕਾਨ੍ਹ ਸਿੰਘ ਨਾਭਾ ਵੱਲੋਂ ਆਰੰਭੇ ਕਾਰਜ ਨੂੰ ਹੋਰ ਅੱਗੇ ਵਧਾਉਣ ਲਈ ਭਾਸ਼ਾ ਵਿਭਾਗ, ਪੰਜਾਬ ਅਤੇ ਪੰਜਾਬ ਦੀਆਂ ਸਭ ਯੂਨੀਵਰਸਿਟੀਆਂ ਨੂੰ ਹਾਲੀ ਹੋਰ ਬਹੁਤ ਉਦਮ ਦੀ ਜਰੂਰਤ ਹੈ। ਇਸ ਵਿੱਚ ਕੋਈ ਸੰਦੇਹ ਨਹੀ ਕਿ ਉਹ ਆਪਣੇ ਬਹੁਤ ਸਾਰੇ ਸਮਕਾਲੀ ਵਿਦਵਾਨਾਂ ਵਾਂਗ ਗੁਰਮਤ ਨੂੰ ਆਪਣੇ ਵਿਚਾਰਾਂ ਦਾ ਮੂਲ ਆਧਾਰ ਮੰਨਦੇ ਹਨ, ਪਰ ਉਨ੍ਹਾਂ ਦਾ ਸਮੁੱਚਾ ਦ੍ਰਿਸ਼ਟੀਕੋਣ ਆਧੁਨਿਕ, ਤਰਕਸ਼ੀਲ ਤੇ ਵਿਗਿਆਨਕ ਹੈ। ਖਾਲਸਾ ਕਾਲਜ ਅੰਮ੍ਰਿਤਸਰ 'ਚ 4 ਅਪ੍ਰੈਲ 1931 ਈ: ਦੌਰਾਨ ਇੱਕ ਵਿਦਿਅਕ ਕਾਨਫਰੰਸ ਦੇ ਪ੍ਰਧਾਨਗੀ ਭਾਸ਼ਣ ਰਾਹੀ ਭਾਈ ਸਾਹਿਬ ਨੇ ਦੱਸਿਆ ਸੀ ਕਿ "ਭਾਰਤ ਦੇਸ਼ ਜਦ ਤੱਕ ਵਿਦਿਆ ਦਾ ਕੇਂਦਰ ਰਿਹਾ ਤਾਂ ਵਿਦੇਸ਼ੀ ਲੋਕ ਇਸਨੂੰ ਆਪਣਾ ਗੁਰੂ ਮੰਨਕੇ, ਵਿਦਿਆ ਪਾਉਣ ਲਈ ਵਿਦਿਆਰਥੀ ਹੋ ਕੇ ਇੱਥੇ ਆਉਂਦੇ ਰਹੇ, ਅਰ ਜਦ ਵਿਦਿਆ ਤੋਂ ਖਾਲੀ ਹੋ ਗਿਆ ਤਾਂ ਸਾਰੀ ਮਹਿਮਾ ਖੋ ਬੈਠਾ।" ਵੀਹਵੀ ਸਦੀ ਦੇ ਪੰਜਾਬੀ ਦਾਰਸ਼ਨਿਕ ਭਾਈ ਕਾਨ• ਸਿੰਘ ਨਾਭਾ ਦਾ ਮੁੱਖ ਮੰਤਵ ਵਿਦਿਆ ਦੇ ਪ੍ਰਚਾਰ ਦੁਆਰਾ ਭਾਰਤੀ ਲੋਕਾਂ ਦਾ ਉਥਾਨ ਸੁਧਾਰ ਤੇ ਕਲਿਆਣ ਕਰਨਾ ਸੀ। ਸਾਹਿਤ ਅਤੇ ਵਿਦਿਆ ਦੇ ਖੇਤਰ 'ਚ ਭਾਈ ਕਾਨ• ਸਿੰਘ ਨਾਭਾ ਦੀ ਵਡਮੁੱਲੀ ਘਾਲਣਾ ਭਾਰਤ ਦੀ ਸਮੁੱਚੀ ਦਾਰਸ਼ਨਿਕ ਵਿਰਾਸਤ ਨਾਲ ਗਿਆਨ ਦਾ ਰਿਸ਼ਤਾ ਜੋੜਨ ਵਿੱਚ ਉਜਾਗਰ ਹੁੰਦੀ ਹੈ।

ਡਾ. ਰਵਿੰਦਰ ਕੌਰ ਰਵੀ
ਅਸਿਸਟੈਂਟ ਪ੍ਰੋਫੈਸਰ, ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ ਪਟਿਆਲਾ।
ਸੰਪਰਕ ਨੰ: 84378-22296

## ਪ੍ਰੇਮ ਦੇ ਧਾਗੇ ਨਾਲ ਜੀਵ ਜਦੋਂ ਪਰਾਤਮਾ ਨਾਲ ਜੁੜਦਾ ਉਹ ਗੰਢ ਕਦੇ ਖੁਲਦੀ ਨਹੀਂ -ਬਾਬਾ ਗੁਰਦੀਪ ਸਿੰਘ



ਮਾਲਵੇ ਦੇ ਪ੍ਰਸਿਧ ਅਤੇ ਪਵਿੱਤਰ ਇਤਿਹਾਸਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਵਿਖੇ ਰੱਖੜ ਪੁੰਨਿਆਂ 'ਤੇ ਧਾਰਮਿਕ ਸਮਾਗਮ ਕਰਵਾਏ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਹਿਜ ਪਾਠਾਂ ਦੇ ਭੋਗ ਪਾਏ ਗਏ।

ਭੋਗ ਉਪਰੰਤ ਧਾਰਮਿਕ ਦੀਵਾਨ ਦੌਰਾਨ ਧਾਰਮਿਕ ਦੀਵਾਨ ਸਜੇ ਜਿਸ ਵਿੱਚ ਰਾਗੀ ਜਥਾ ਸੰਮਤ ਸਿੰਘ ਬਾਘਾ ਪੁਰਾਣਾ, ਰਾਗੀ ਸਤਪਾਲ ਸਿੰਘ ਬਾਘਾ ਪੁਰਾਣਾ ਅਤੇ ਪ੍ਰਸਿੱਧ ਕਵਿਸ਼ਰੀ ਜਥਾ ਵੀਰਭਾਨ ਸਿੰਘ ਮਾਲਵਾ ਮੌੜਾਂ ਵਾਲਿਆਂ ਨੇ ਗੁਰਮਤਿ ਵਿਚਾਰਾਂ ਕੀਤੀਆਂ।

ਕਰੋਨਾ ਮਹਾਂਮਾਰੀ ਕਾਰਨ ਇਹ ਸਮਾਗਮ ਸੀਮਤ ਸੰਗਤਾਂ ਦੀ ਹਾਜ਼ਰੀ ਵਿੱਚ ਮਨਾਇਆ ਗਿਆ ਇਸ ਮੌਕੇ ਆਈਆਂ ਸੰਗਤਾਂ ਨੂੰ ਪ੍ਰਵਚਨ ਕਰਦਿਆਂ ਕਰਦਿਆਂ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਨੇ ਕਿਹਾ ਕਿ ਸਮਾਜਿਕ ਰਸਮਾਂ ਮੁਤਾਬਕ ਰੱਖੜੀ ਦਾ ਤਿਉਹਾਰ ਭੈਣ ਅਤੇ ਭਰਾ ਦੇ ਪਿਆਰ ਦਾ ਪ੍ਰਤੀਕ ਹੈ। ਇਸ ਦਿਨ ਭੈਣਾਂ ਆਪਣੇ ਭਰਾਵਾਂ ਨੂੰ ਰੱਖੜੀ ਬੰਨ੍ਹ ਕੇ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕਰਦੀਆਂ ਹਨ ਅਤੇ ਭਰਾ ਆਪਣੀਆਂ ਭੈਣਾਂ ਨੂੰ ਹਮੇਸ਼ਾ ਉਨ੍ਹਾਂ ਦੀ ਰੱਖਿਆ ਕਰਨ ਦਾ ਵਚਨ ਦਿੰਦੇ ਹਨ।

ਉਨ੍ਹਾਂ ਅੱਗੇ ਫਰਮਾਇਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਸਮਾਜ ਵਿੱਚ ਮਹਾਨ ਰੁਤਬਾ ਦਿੱਤਾ ਹੈ ਅਤੇ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ ਨੇ ਇਸ ਅਸਥਾਨ ਤੇ ਔਰਤਾਂ ਦੇ ਸਤਿਕਾਰ ਦੇ ਲਈ ਇੱਕ ਵੱਖਰੀ ਪਰੰਪਰਾ ਸ਼ੁਰੂ ਕੀਤੀ ਜੋ ਅੱਜ ਵੀ ਜਾਰੀ ਹੈ। ਉਨ੍ਹਾਂ ਕਿਹਾ ਕਿ ਰੱਖੜੀ ਦੇ ਤਿਉਹਾਰ ਦਾ ਸਬੰਧ ਸਾਡੇ ਸਿੱਖ ਧਰਮ ਨਾਲ ਭਾਵੇਂ ਨਹੀ ਹੈ। ਜੇਕਰ ਅਸੀ ਗੁਰਮਤਿ ਅਨੁਸਾਰ ਆਪਣਾ ਜੀਵਨ ਢਾਲੀਏ ਤਾਂ ਸਾਡੀ ਪ੍ਰਮਾਤਮਾ ਨਾਲ ਅਜਿਹੇ ਪ੍ਰੇਮ ਦੇ ਧਾਗੇ ਨਾਲ ਗੰਢ ਪੈ ਜਾਵੇਗੀ ਜਿਹੜੀ ਕਦੇ ਖੁੱਲ੍ਹੇਗੀ ਨਹੀਂ। ਅਜਿਹਾ ਪ੍ਰੇਮ ਤਦ ਹੀ ਬਣੇਗਾ ਜੇਕਰ ਅਸੀ ਦੁਨੀਆਂ ਤੇ ਕੰਮ ਕਰਦਿਆਂ ਉਸ ਪ੍ਰਮਾਤਮਾ ਦਾ ਸਿਮਰਨ ਅਤੇ ਗੁਰਮਤਿ ਅਨੁਸਾਰ ਲੋਕ ਸੇਵਾ ਕਰਾਂਗੇ।

ਬਾਬਾ ਜੀ ਨੇ ਕਿਹਾ ਕਿ ਬੇਸ਼ੱਕ ਰੱਖੜੀ ਵਾਲੇ ਦਿਨ ਸਮਾਜਿਕ ਰਸਮਾਂ ਮੁਤਾਬਕ ਭੈਣਾਂ ਇਹ ਵਚਨ ਲੈਂਦੀਆਂ ਹਨ ਕਿ ਉਹ ਉਸ ਦੀ ਰੱਖਿਆ ਕਰੇਗਾ। ਪਰ ਅੱਜ ਸਮੇਂ ਨੇ ਅਜਿਹੀ ਰਫਤਾਰ ਬਦਲ ਦਿੱਤੀ ਹੈ ਕਿ ਨਸ਼ਿਆਂ ਨੇ ਸਾਡੇ ਸਮਾਜਿਕ ਰਿਸ਼ਤਿਆਂ ਵਿੱਚ ਵੀ ਦਰਾਰ ਪਾ ਦਿੱਤੀ ਹੈ। ਜਿਸ ਕਾਰਨ ਸਾਡੇ ਤਿਉਹਾਰ ਫਿੱਕੇ ਨਜ਼ਰ ਆ ਰਹੇ ਹਨ। ਇਹ ਬੇਹੱਦ ਅਤੇ ਬਹੁਤ ਹੀ ਘਾਤਕ ਸਮਾਂ ਹੈ ਜਦ ਭੈਣਾਂ ਆਪਣੇ ਵੀਰਾਂ ਨੂੰ ਲੰਬੀ ਉਮਰ ਦੇ ਨਾਲ ਨਾਲ ਨਸ਼ਿਆਂ ਦੇ ਕੋਹੜ ਤੋਂ ਦੂਰ ਰਹਿਣ ਦੇ ਲਈ ਉਸ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਦੀਆਂ ਹਨ।

ਇਸ ਮੌਕੇ ਸਟੇਜ ਦੀ ਸੇਵਾ ਦਰਸ਼ਨ ਸਿੰਘ ਡਰੋਲੀ ਭਾਈ ਨੇ ਕੀਤੀ। ਜਦੋਂ ਕਿ ਸਮਾਗਮ ਵਿੱਚ ਤਰਲੋਕ ਸਿੰਘ ਸਿੰਘਾਂਵਾਲਾ, ਬਿੱਲੂ ਸਿੰਘ, ਸੁੱਖਾ ਸਿੰਘ ਮੋਗਾ, ਅਜਮੇਰ ਸਿੰਘ, ਬਿੱਲੂ ਸਿੰਘ ਤਰਲੋਕ ਸਿੰਘ, ਸੂਬਾ ਸਿੰਘ ਫ਼ੌਜੀ, ਭਾਈ ਚਮਕੌਰ ਸਿੰਘ ਚੰਦ ਪੁਰਾਣਾ, ਪਰਗਟ ਸਿੰਘ ਰੋਡੇ, ਧਰਮ ਸਿੰਘ, ਹਰਜਿੰਦਰ ਸਿੰਘ ਕਾਲੇ ਕੇ ਸਾਬੀ ਹਾਜ਼ਰ ਸਨ।

## ਰੱਖੜੀ ਦੇ ਤਿਉਹਾਰ ਦਾ ਸਾਡੇ ਸਿੱਖ ਧਰਮ ਨਾਲ ਸਬੰਧ ਨਹੀਂ ਹੈ -ਬਾਬਾ ਬਲਦੇਵ ਸਿੰਘ ਮੰਡੀਰਾਂ



ਗੁਰੂ ਨਾਨਕ ਦਰਬਾਰ ਨਾਨਕਸਰ ਠਾਠ ਮੰਡੀਰਾ ਵਿਖੇ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਮੰਡੀਰਾਂ ਦੀ ਸ੍ਰਪਰਸਤੀ ਅਤੇ ਭਾਈ ਹਰਪ੍ਰੀਤ ਸਿੰਘ ਡੋਨੀ ਦੇ ਯੋਗ ਪ੍ਰਬੰਧਾ ਹੇਠ ਰੱਖੜ ਪੁੰਨਿਆਂ ਤੇ ਧਾਰਮਿਕ ਸਮਾਗਮ ਕਰਵਾਇਆ ਗਿਆ।

ਪ੍ਰਸ਼ਾਸਨ ਦੀਆਂ ਹਦਾਇਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸੀਮਤ ਸੰਗਤਾ ਦੀ ਮੌਜੂਦਗੀ ਵਿੱਚ ਆਈਆਂ ਸੰਗਤਾਂ ਨੂੰ ਪ੍ਰਵਚਨ ਕਰਦਿਆਂ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਮੰਡੀਰਾਂ ਨੇ ਆਖਿਆਂ ਕਿ ਰੱਖੜੀ ਦੇ ਤਿਉਹਾਰ ਦਾ ਸਾਡੇ ਸਿੱਖ ਧਰਮ ਨਾਲ ਸਬੰਧ ਨਹੀਂ ਹੈ ਪਰ ਸਾਨੂੰ ਪੁੰਨਿਆ ਦੇ ਪਵਿੱਤਰ ਦਿਹਾੜੇ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨਾਲ ਵਿਸ਼ਵਾਸ ਦੀ ਡੋਰ ਪੱਕੀ ਕਰਨੀ ਚਾਹੀਦੀ ਹੈ।

ਇਸ ਧਾਰਮਿਕ ਸਮਾਗਮ ਵਿੱਚ ਰਾਗੀ ਜੱਥਾ ਭਾਈ ਗੁਰਚਰਨ ਸਿੰਘ ਰਸੀਲਾ ਬਾਘਾ ਪੁਰਾਣਾ, ਅੰਤਰ-ਰਾਸਟਰੀ ਪ੍ਰਸਿੱਧ ਢਾਢੀ ਸਾਧੂ ਸਿੰਘ ਧੰਮੂ, ਜਸਵਿੰਦਰ ਸਿੰਘ ਸਿੱਧੂ, ਮੱਖਣ ਸਿੰਘ ਸੁਖਾਨੰਦ, ਸੁਖਮੰਦਰ ਸਿੰਘ ਹਮਦਰਦ, ਰੋਸ਼ਨ ਸਿੰਘ ਬੱਧਣੀ ਕਲਾਂ, ਕੁਲਵਿੰਦਰ ਸਿੰਘ ਰਣੀਆਂ, ਬੀਬੀ ਮਹਿੰਦਰ ਕੌਰ ਬੇਗਮਪੁਰੀ, ਛਿੰਦਰ ਸਿੰਘ ਤਾਰੇਵਾਲਾ ਆਦਿ ਜੱਥਿਆਂ ਨੇ ਗੁਰਮਤਿ ਵਿਚਾਰਾਂ ਕੀਤੀਆਂ।

ਇਸ ਮੌਕੇ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਚੀਫ ਐਡੀਟਰ ਸ. ਭਵਨਦੀਪ ਸਿੰਘ ਪੁਰਬਾ, ਪੱਤਰਕਾਰ ਮਹਿੰਦਰ ਸਿੰਘ ਮੇਹਨਤੀ, ਲਖਵਿੰਦਰ ਸਿੰਘ ਲੱਖਾ, ਬੀਬੀ ਚਰਨਜੀਤ ਕੌਰ ਸਮਾਲਸਰ, ਰਾਮਪ੍ਰੀਤ ਕੋਰ ਆਦਿ ਮੁੱਖ ਤੌਰ ਤੇ ਹਾਜ਼ਰ ਹੋਏ।

## ਉਘੇ ਸਮਾਜ ਸੇਵੀ ਅਤੇ ਵਾਤਾਵਰਨ ਪ੍ਰੇਮੀ ਸੰਤ ਬਾਬਾ ਗੁਰਮੀਤ ਸਿੰਘ ਜੀ ਖੋਸਾ ਕੋਟਲਾ ਵਾਲੇ ਆਮ ਲੋਕਾ ਦੇ ਨਾਲ ਮਸੀਹਾ ਬੰਨ ਖੜ੍ਹੇ ...

-ਇਕਬਾਲ ਸਿੰਘ ਖੋਸਾ, ਮੋ. 99157-77346

ਕਰੋਨਾ ਮਹਾਮਾਰੀ ਨੇ ਸਾਰੀ ਦੁਨੀਆ ਨੂੰ ਰੋਕ ਕੇ ਰੱਖ ਦਿੱਤਾ। ਬੀਮਾਰ ਦੇ ਡਰ ਦੇ ਨਾਲ ਨਾਲ ਲੋਕਾ ਨੂੰ ਆਪਣੀ ਰੋਟੀ ਦੀ ਫਿਕਰ ਅਤੇ ਆਪਣੇ ਪਰਿਵਾਰ ਦੀ ਫਿਕਰ ਖਾਣ ਲੱਗੀ। ਸਾਰੇ ਕਾਰੋਬਾਰ ਬੰਦ ਹੋ ਗਏ ਲੋਕ ਬੇਰੁਜ਼ਗਾਰੀ ਦੀ ਲਪੇਟ ਵਿੱਚ ਆ ਗਏ। ਕੁਦਰਤ ਨੇ ਪਲਾਂ ਵਿੱਚ ਸਭ ਕੁਝ ਬਦਲ ਕੇ ਰੱਖ ਦਿੱਤਾ। ਕਰੋਨਾ ਦੀ ਬੀਮਾਰੀ ਨੇ ਪੁਰੀ ਦੁਨੀਆ ਵਿੱਚ ਲੱਖਾ ਜਾਨਾ ਲਈਆਂ। ਇਸ ਸਮੇ ਲੋਕਾ ਦੀ ਮਦਦ ਲਈ ਸਭ ਤੋ ਵੱਧ ਸਿੱਖ ਕੌਮ ਨੇ ਆਪਣਾ ਯੋਗਦਾਨ ਦਿੱਤਾ। ਇਸ ਦੁਰਾਨ ਸਮਾਜ ਦੇ ਸੇਵੀ ਅੱਗੇ ਆਏ ਹਰ ਕਿਸੇ ਸਮਾਜ ਸੇਵੀ ਨੇ ਆਪਣੀ ਹਿਸੀਅਤ ਮੁਤਾਬਕ ਲੋੜਵੰਦਾ ਤੱਕ ਰਾਸਨ ਦੀ ਮਦਦ ਦਿੱਤੀ। ਇਸੇ ਨੇ ਸੁੱਕਾ ਰਾਸਨ ਤੇ ਇਸੇ ਨੇ ਪੱਕਿਆ ਹੋਇਆ ਰਾਸਨ ਦਿੱਤਾ।

ਇਸ ਮਹਾਮਾਰੀ ਦੁਰਾਨ ਜੇਕਰ ਸਭ ਤੋ ਵੱਧ ਲੋੜਵੰਦਾ ਦੀ ਮਦਦ ਕੀਤੀ ਤਾ ਮੇਰੀ ਨਜਰ ਵਿੱਚ ਉਹ ਹਨ ਉਘੇ ਸਮਾਜ ਸੇਵੀ ਅਤੇ ਵਾਤਾਵਰਨ ਪ੍ਰੇਮੀ ਗੁਰੂਦੁ-ਆਰਾ ਗੁਰੂਸਰ ਪਾਤਸ਼ਾਹੀ ਛੇਵੀ ਸ੍ਰੀ ਗੁਰੂ ਹਰਗੋਬਿੰਦ ਸਹਿਬ ਜੀ ਖੋਸਾ ਕੋਟਲਾ ਦੇ ਮੁੱਖ ਸੇਵਾਦਾਰ ਸੰਤ ਗੁਰਮੀਤ ਸਿੰਘ ਜੀ ਖੋਸਾ ਕੋਟਲਾ ਵਾਲੇ।

ਬ੍ਰਹਮ ਗਿਆਨੀ ਸੰਤ ਬਾਬਾ ਫਹਿਤੇ ਸਿੰਘ ਜੀ ਖੋਸਾ ਕੋਟਲਾ ਵਾਲਿਆ ਦੇ ਚੋਲਾ ਛੱਡਣ ਤੋ ਬਹਾਦ ਸੰਤ ਗੁਰਮੀਤ ਸਿੰਘ ਜੀ ਨੂੰ ਉਨ੍ਹਾਂ ਦੇ ਉਤਰਾ ਅਧਿਕਾਰੀ ਥਾਪਿਆ ਗਿਆ। ਪਿਛਲੇ ਕਰੀਬ ਚਾਰ ਸਾਲਾ ਤੋ ਗਿਆਨੀ ਗੁਰਮੀਤ ਸਿੰਘ ਜੀ ਸੰਤ ਬਾਬਾ ਫਹਿਤੇ ਸਿੰਘ ਜੀ ਦੇ ਪੂਰਨਿਆਂ ਤੇ ਚੱਲ ਦੇ ਹੋਏ ਨਿਸਕਾਮ ਸੇਵਾ ਕਰ ਰਹੇ ਹਨ।ਬਾਬਾ ਜੀ ਹਰ ਖੇਤਰ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਹਨ ਚਾਹੇ ਉਹ ਖੇਡਾਂ ਦੇ ਖੇਤਰ ਵਿੱਚ ਅਕੈਡਮੀਆਂ ਬਨਾਉਣ ਦਾ ਹੋਵੇ ਜਾਂ ਜੈਵਕ ਖੇਤੀ ਦਾ, ਇਨਵੈਰਮੈਟ ਦਾ ਖੇਤਰ ਹੋਵੇ, ਪਿੰਡ ਪਿੰਡ ਦਰਖਤਾਂ ਨੂੰ ਲਵਾਉਣ ਦਾ, ਸਕੂਲਾਂ ਕਾਲਜਾਂ ਦੀ ਵਿਦਿਆ ਨੂੰ ਪ੍ਰਫੁੱਲਤ ਕਰਨ ਦਾ ਖੇਤਰ ਹੋਵੇ ਜਾਂ ਪਿੰਡ ਲਈ ਫਾਇਰ ਬਗਰੇਡ ਦੀਆ ਗੱਡੀਆ ਬਨਾਉਣ ਦਾ ਹਰ ਕੰਮ। ਜਿਲ੍ਹਾ ਪ੍ਰਸਾਸਨ ਦੇ ਤਾਲਮੇਲ ਨਾਲ ਕਰਨ ਵਾਲੇ ਬਾਬਾ ਗੁਰਮੀਤ ਸਿੰਘ ਜੀ ਦੀਆ ਸੇਵਾਵਾਂ ਅਨੇਕਾ ਹਨ ਮੈ ਜੇ ਲਿਖਣ ਲੱਗਾ ਤਾ ਮੇਰਾ ਇਹ ਲੇਖ ਬਹੁਤ ਵੱਡਾ ਬਨ ਜਾਵੇਗਾ। ਲੰਗਰਾ ਦੀ ਸੇਵਾ ਤਾ ਅਟੁੱਟ ਵਰਤ ਰਹੀ ਹੈ। ਇਹ ਮੈਨੂੰ ਦੱਸਣ ਦੀ ਲੋੜ ਨਹੀ।




ਗੱਲ ਆਪਾ ਕਰੋਨਾ ਮਹਾਮਾਰੀ ਤੋ ਸੁਰੂ ਕੀਤੀ ਸੀ। ਇਸ ਦੌਰਾਨ ਬਾਬਾ ਗੁਰਮੀਤ ਸਿੰਘ ਜੀ ਵਲੋ ਬਨਾਈ ਗਈ ਗੁਰੂ ਸਹਿਬ ਚੈਰੀਟੇਬਲ ਟਰੱਸਟ ਟਲਸਟਰ ਚਾਰੇ ਖੋਸੇ ਅਤੇ ਇਲਾਕੇ ਦੇ ਸਾਰੇ ਨਗਰਾ ਅਤੇ ਐਨ ਆਰ ਆਈ ਦੇ ਸਹਿਯੋਗ ਨਾਲ ਪਿੰਡਾ ਅਤੇ ਨੇੜਲੇ ਸਹਿਰਾ ਦੇ ਲੋੜਵੰਦਾ ਨੂੰ ਸੁੱਕਾ ਅਤੇ ਪੱਕਿਆ ਰਾਸਨ ਵੰਡਿਆ ਗਿਆ। ਪ੍ਰਸਾਸਨ ਵਲੋ ਇਕਾਂਤਵਾਸ ਵਿੱਚ ਰੱਖੇ ਗਏ ਸ੍ਰੀ ਹਜੂਰ ਸਹਿਬ ਤੋ ਆਈ ਸੰਗਤ ਅਤੇ ਹੋਰਾ ਸੂਬਿਆਂ ਤੋ ਆਏ ਮਜਦੂਰਾਂ ਜਿਨ੍ਹਾਂ ਨੂੰ 14 /14 ਦਿਨਾਂ ਵਾਸਤੇ ਰੱਖਿਆ ਗਿਆ ਹੈ ਲਈ ਰੋਟੀ ਚਾਹ ਫਲ ਆਦਿ ਦਾ ਪ੍ਰਬੰਧ ਕੀਤਾ ਗਿਆ ਜੋ ਕਿ ਗੁਰਦੁਆਰਾ ਸਹਿਬ ਤੋ ਤਿਆਰ ਕਰਕੇ ਭੇਜਿਆ ਜਾਦਾ ਹੈ। ਸਰਕਾਰੀ ਹਸਪਤਾਲ ਮੋਗਾ ਵਿੱਚ ਜਿਨ੍ਹੇ ਵੀ ਮਰੀਜ਼ ਕਰੋਨਾ ਪੀੜਤ ਆਏ ਅਤੇ ਡਾਕਟਰੀ ਸਟਾਪ ਸਾਰਿਆਂ ਲਈ ਫਲਾ ਦਾ ਪ੍ਰਬੰਧ ਕੀਤਾ ਜਾਦਾ। ਸਟਾਪ ਲਈ ਗਾਉਣ ਤਿਆਰ ਕਰਵਾਕੇ ਦਿੱਤੇ। ਇਲੈਕਟ੍ਰਾਨਿਕ ਟੀ ਕੇਟਲ ਦਿੱਤੀ ਗਈਆਂ। ਮਰੀਜਾਂ ਲਈ ਸੁੱਕੇ ਦੁੱਧ ਆਦਿ ਦਾ ਪ੍ਰਬੰਧ ਕੀਤਾ ਗਿਆ। ਪਿੰਡਾਂ ਵਿੱਚ ਸੈਨੀਟਾਈਜਰ ਦੀ ਸਪਰੇਅ ਆਦਿ ਅਨੇਕਾ ਹੋਰ ਸੇਵਾਵਾਂ ਕਰੋਨਾ ਪੀੜਤਾ ਨੂੰ ਦਿੱਤੀ ਗਈ।